**ਪੰਜਾਬ ਐਜੂਸੈਟ ਸੁਸਾਇਟੀ**

ਈ.ਬਲਾਕ,ਟੈਕਸਟ ਬੁੱਕ ਸੈਲ, ਵਿੱਦਿਆ ਭਵਨ, ਪਹਿਲੀ ਮੰਜ਼ਿਲ

ਪੀ.ਐਸ.ਈ.ਬੀ ਕੈਂਪਸ, ਫੇਜ਼-8, ਸਾਹਿਬਜਾਦਾ ਅਜੀਤ ਸਿੰਘ ਨਗਰ

ਫੋਨ ਨੰ. 0172-5218801-16 ਈ-ਮੇਲ: **(edusat.punjab@gmail.com)**

ਵੱਲ (Through Website)

ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ/ਉਪ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿੱ.),
ਸਮੂਹ ਡਾਇਟ ਪ੍ਰਿੰਸੀਪਲਜ਼,
ਸਮੂਹ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ,
ਸਮੂਹ ਸੈਂਟਰ ਹੈਡ ਟੀਚਰ ਅਤੇ ਹੈਡ ਟੀਚਰ,
ਪੰਜਾਬ।

ਮੀਮੋ ਨੰ:ਐਜੂਸੈਟ-201712332 ਮਿਤੀ 7-11-2017

**ਵਿਸ਼ਾ:- ਮਿਤੀ 08-11-2017 ਨੂੰ ਪ੍ਰੀ-ਪ੍ਰਾਇਮਰੀ ਜਮਾਤਾਂ ਸ਼ੁਰੂ ਕਰਨ ਤਹਿਤ ਐਜੂਸੈਟ ਤੋਂ ਮੀਟਿੰਗ ਲੈਣ ਸਬੰਧੀ।**

1.0 ਉਪਰੋਕਤ ਵਿਸ਼ੇ ਵੱਲ ਧਿਆਨ ਦੇਣ ਦੀ ਖੇਚਲ ਕੀਤੀ ਜਾਵੇ।

2.0 ਪੰਜਾਬ ਸਰਕਾਰ ਵਲੋਂ ਰਾਜ ਦੇ ਸਮੂਹ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਸਿੱਖਿਆ ਦੀ ਗੁਣਵੱਤਾ ਲਈ 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' ਪ੍ਰੋਜੈਕਟ ਚਲਾਇਆ ਜਾ ਰਿਹਾ ਹੈ।'ਪੜ੍ਹੋ ਪੰਜਾਬ ਪੜ੍ਹਾਓ ਪੰਜਾਬ' ਦੀ ਹੀ ਲਗਾਤਾਰਤਾ ਵਿੱਚ ਪਹਿਲੀ ਜਮਾਤ ਵਿੱਚ ਦਾਖਲਾ ਲੈਣ ਵਾਲੇ ਬੱਚਿਆਂ ਨੂੰ ਪ੍ਰਾਇਮਰੀ ਸਿੱਖਿਆ ਗ੍ਰਹਿਣ ਕਰਨ ਲਈ ਤਿਆਰ ਕਰਨ ਅਤੇ ਉਹਨਾਂ ਦਾ ਸਰਵ-ਪੱਖੀ ਵਿਕਾਸ ਕਰਨ ਲਈ ਪ੍ਰੀ-ਪ੍ਰਾਇਮਰੀ ਜਮਾਤਾਂ ਸ਼ੁਰੂ ਕੀਤੀਆਂ ਜਾ ਰਹੀਆਂ ਹਨ।ਸਰਕਾਰ ਵੱਲੋਂ ਲਏ ਫੈਸਲੇ ਅਨੁਸਾਰ 14 ਨਵੰਬਰ ਨੂੰ ਦੇਸ਼ ਦੇ ਪਹਿਲੇ ਪ੍ਰਧਾਨ ਮੰਤਰੀ ਸ੍ਰੀ ਜਵਾਹਰ ਲਾਲ ਨਹਿਰੂ ਜੀ ਦੇ ਜਨਮ ਦਿਨ ਮੌਕੇ ਸਕੂਲਾਂ ਅੰਦਰ ਬਾਲ ਦਿਵਸ ਨੂੰ ਪ੍ਰੀ-ਪ੍ਰਾਇਮਰੀ ਜਮਾਤਾਂ ਦੇ ਬੱਚਿਆਂ ਲਈ ਸਵਾਗਤੀ ਪ੍ਰੋਗਰਾਮ ਆਯੋਜਿਤ ਕਰਕੇ ਮਨਾਇਆ ਜਾ ਰਿਹਾ ਹੈ।

3.0 ਪਿੰਡ ਦੇ ਸਰਪੰਚ, ਪੰਚਾਇਤ ਮੈਂਬਰਾਂ, ਸਕੂਲ ਮੈਨੇਜਮੈਂਟ ਕਮੇਟੀ ਮੈਬਰਾਂ, ਮਾਪਿਆਂ, ਪਤਵੰਤੇ ਸੱਜਣਾ ਅਤੇ ਆਂਗਣਵਾੜੀ ਵਰਕਰ/ਹੈਲਪਰ ਨੂੰ ਪ੍ਰੀ-ਪ੍ਰਾਇਮਰੀ ਜਮਾਤਾਂ ਸ਼ੁਰੂ ਕਰਨ ਬਾਰੇ 14 ਨਵੰਬਰ ਨੂੰ ਕੀਤੇ ਜਾਣ ਵਾਲੇ ਸਵਾਗਤੀ ਪ੍ਰੋਗਰਾਮ ਵਿੱਚ ਸ਼ਾਮਿਲ ਹੋਣ ਲਈ ਸੱਦਾ ਦਿੱਤਾ ਜਾ ਰਿਹਾ ਹੈ ਅਤੇ ਇਹਨਾਂ ਨੂੰ ਪ੍ਰੀ-ਪ੍ਰਾਇਮਰੀ ਜਮਾਤਾਂ ਸ਼ੁਰੂ ਕਰਨ ਦੇ ਉਦੇਸ਼ਾਂ ਬਾਰੇ ਜਾਣੂ ਕਰਵਾਇਆ ਜਾ ਰਿਹਾ ਹੈ।

4.0 14 ਨਵੰਬਰ ਨੂੰ ਬਾਲ ਦਿਵਸ ਮੌਕੇ ਸਮੂਹ ਸਰਕਾਰੀ ਪ੍ਰਾਇਮਰੀ ਸਕੂਲਾਂ ਅੰਦਰ ਪ੍ਰੀ-ਪ੍ਰਾਇਮਰੀ ਸਕੂਲਾਂ ਦੇ ਬੱਚਿਆਂ ਲਈ ਆਯੋਜਿਤ ਕੀਤੇ ਜਾਣ ਵਾਲੇ ਸਵਾਗਤੀ ਪ੍ਰੋਗਰਾਮ ਦੀ ਤਿਆਰੀ, ਪ੍ਰੀ-ਪ੍ਰਾਇਮਰੀ ਜਮਾਤਾਂ ਦੀ ਯੋਜਨਾਬੰਦੀ ਆਦਿ ਬਾਰੇ ਦਿਸ਼ਾ-ਨਿਰਦੇਸ਼ ਦੇਣ ਸਬੰਧੀ ਮਾਨਯੋਗ ਸ੍ਰੀ ਕ੍ਰਿਸ਼ਨ ਕੁਮਾਰ, ਆਈ.ਏ.ਐਸ. ਸਕੱਤਰ ਸਕੂਲ ਸਿੱਖਿਆ ਜੀ ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.), ਡਾਇਟ ਪ੍ਰਿੰਸੀਪਲ, ਉਪ-ਜ਼ਿਲ੍ਹਾ ਸਿੱਖਿਆ ਅਫ਼ਸਰ, ਸਮੂਹ ਬੀ.ਪੀ.ਈ.ਓਜ਼., ਸੈਂਟਰ ਹੈਡ ਟੀਚਰ, ਹੈਡ ਟੀਚਰ, ਪ੍ਰੀ-ਪ੍ਰਾਇਮਰੀ ਜਮਾਤ ਇੰਚਾਰਜ ਅਧਿਆਪਕ ਅਤੇ 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' ਟੀਮ ਦੀ ਐਜੂਸੈਟ ਰਾਹੀ ਮਿਤੀ **08-11-2017 ਨੂੰ ਦੁਪਹਿਰ ਬਾਅਦ 1.30 ਤੋਂ 3.00** ਵਜੇ ਮੀਟਿੰਗ ਲੈਣਗੇ।

5.0 ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.), ਬੀ.ਪੀ.ਈ.ਓਜ਼., ਡਾਇਟ ਪ੍ਰਿੰਸੀਪਲ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਸੀਨੀਅਰ ਸੈਕੰਡਰੀ/ਹਾਈ ਸਕੂਲਾਂ ਵਿੱਚ ਚਾਲੂ ਹਾਲਤ ਵਿੱਚ ਆਰ.ਓ.ਟੀਜ਼ ਬਾਰੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ) ਨਾਲ ਤਾਲਮੇਲ ਕਰਕੇ ਕਲੱਸਟਰ ਦੇ ਸੈਂਟਰ ਹੈਡ ਟੀਚਰ, ਹੈਡ ਟੀਚਰ, ਪ੍ਰੀ-ਪ੍ਰਾਇਮਰੀ ਜਮਾਤ ਇੰਚਾਰਜ ਅਧਿਆਪਕ, ਕਲੱਸਟਰ ਮਾਸਟਰ ਟ੍ਰੇਨਰ/ ਬਲਾਕ ਮਾਸਟਰ ਟ੍ਰੇਨਰ 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' ਦੀ ਹਾਜ਼ਰੀ ਐਜੂਸੈਟ ਸੁਵਿਧਾ ਵਾਲੇ ਸਕੂਲਾਂ ਵਿੱਚ ਯਕੀਨੀ ਬਣਾਉਣਗੇ। ਇਸ ਸਬੰਧੀ ਪੂਰਨ ਯੋਜਨਾਬੰਦੀ ਪਹਿਲਾਂ ਕਰ ਲਈ ਜਾਵੇ ਅਤੇ ਸਬੰਧਤ ਸਕੂਲ ਮੁਖੀਆਂ ਨਾਲ ਫੋਨ ਤੇ ਰਾਬਤਾ ਕਾਇਮ ਕਰਕੇ ਸਕੂਲ ਅੰਦਰ ਬੈਠਣ, ਜਨਰੇਟਰ ਆਦਿ ਦਾ ਪ੍ਰਬੰਧ ਵੀ ਦੇਖ ਲਿਆ ਜਾਵੇ ਜੀ।ਜਿਹੜੇ ਆਰ.ਓ.ਟੀਜ਼ ਸੁਵਿਧਾ ਵਾਲੇ ਸਕੂਲਾਂ ਵਿੱਚ ਇਹ ਪ੍ਰੋਗਰਾਮ ਦੇਖਿਆ ਜਾਣਾ ਹੈ ਉਹਨਾਂ ਸਕੂਲਾਂ ਦੀ ਲਿਸਟ ਇਸ ਦਫ਼ਤਰ ਨੂੰ ਸਵੇਰੇ 10.00 ਵਜੇ ਤੱਕ edusat.punjab@gmail.com ਤੇ ਈ.ਮੇਲ ਰਾਹੀਂ ਮੁਹੱਈਆ ਕਰਵਾਈ ਜਾਵੇ।

6.0 ਐਜੂਸੈਟ ਤੋਂ ਹੋਣ ਵਾਲੀ ਮੀਟਿੰਗ ਵਿੱਚ ਸ਼ਾਮਿਲ ਹੋਣ ਵਾਲੇ ਸੈਂਟਰ ਹੈਡ ਟੀਚਰ, ਹੈਡ ਟੀਚਰ, ਪ੍ਰੀ-ਪ੍ਰਾਇਮਰੀ ਜਮਾਤ ਇੰਚਾਰਜ ਅਧਿਆਪਕ, ਕਲੱਸਟਰ ਮਾਸਟਰ ਟ੍ਰੇਨਰ/ ਬਲਾਕ ਮਾਸਟਰ ਟ੍ਰੇਨਰ 'ਪੜ੍ਹੋ ਪੰਜਾਬ, ਪੜ੍ਹਾਓ ਪੰਜਾਬ' ਦੀ ਹਾਜ਼ਰੀ ਰਿਪੋਰਟ ਜ਼ਿਲ੍ਹਾ ਸਿੱਖਿਆ ਅਫ਼ਸਰ (ਐ.ਸਿ.) ਵਲੋਂ ਈ. ਮੇਲ edusat.punjab@gmail.com ਤੇ ਭੇਜੀ ਜਾਵੇ ਜੀ।

7.0 ਹੁਕਮਾਂ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਈ ਜਾਵੇ ਜੀ।

**ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ**
**ਪੰਜਾਬ ਐਜੂਸੈਟ ਸੁਸਾਇਟੀ**

ਪਿੱਠ ਅੰਕਣ ਨੰ. ਉਕਤ ਮਿਤੀ: ਉਕਤ

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਹਿੱਤ ਭੇਜਿਆ ਜਾਂਦਾ ਹੈ:

1. ਪੀ.ਏ. ਟੂ ਮਾਨਯੋਗ ਸਕੱਤਰ ਸਕੂਲ ਸਿੱਖਿਆ, ਪੰਜਾਬ।
2. ਪੀ.ਏ. ਟੂ ਮਾਨਯੋਗ ਡਾਇਰੈਕਟਰ ਜਨਰਲ ਸਕੂਲ ਸਿੱਖਿਆ, ਪੰਜਾਬ।
3. ਡੀ.ਪੀ.ਆਈ (ਐ. ਸਿੱ), ਪੰਜਾਬ।
4. ਡਾਇਰੈਕਟਰ ਐਸ.ਸੀ.ਈ.ਆਰ.ਟੀ, ਪੰਜਾਬ।
5. ਸਮੂਹ ਜ਼ਿਲ੍ਹਾ ਸਿੱਖਿਆ ਅਫ਼ਸਰ(ਸੈ.ਸਿੱ), ਪੰਜਾਬ ਨੂੰ ਯੋਗ ਕਾਰਵਾਈ ਹਿੱਤ।
6. ਡੀ.ਐਮ.(ਐਮ.ਆਈ.ਐਸ) ਨੂੰ ਪੱਤਰ ਦੀ ਕਾਪੀ ਤੁਰੰਤ ਵੈਬਸਾਈਟ ਅਤੇ ਨੋਟਿਸ ਬੋਰਡ ਤੇ ਉਪਲੱਬਧ ਕਰਵਾਉਣ ਹਿੱਤ।

7/11/17

**ਡਿਪਟੀ ਸਟੇਟ ਪ੍ਰੋਜੈਕਟ ਡਾਇਰੈਕਟਰ**
**ਪੰਜਾਬ ਐਜੂਸੈਟ ਸੁਸਾਇਟੀ**